# Punjab Government Gazette

## EXTRAORDINARY

*Published by Authority*

CHANDIGARH, TUESDAY, SEPTEMBER 30, 2025

(ASVINA 8, 1947 SAKA)


ਵਿਧਾਨਕ ਅਨੁਪੂਰਕ


| | ਮਜ਼ਮੂਨ | ਪੰਨੇ |
|---|---|---|
| ਭਾਗ **I** | **ਐਕਟ** | |
| | 1. ਪੰਜਾਬ ਸਿੱਖਿਆ ਵਿਕਾਸ ਐਕਟ, 1998 (1998 ਦਾ ਪੰਜਾਬ ਐਕਟ ਨੰ. 26) | ... 579-584 |
| | 2. ਪੰਜਾਬ ਗਊ-ਸੇਵਾ ਕਮਿਸ਼ਨ ਐਕਟ, 2014 (2014 ਦਾ ਪੰਜਾਬ ਐਕਟ ਨੰ. 27) | ...585-593 |
| ਭਾਗ **II** | **ਆਰਡੀਨੈਂਸ** | |
| | *ਕੋਈ ਨਹੀਂ* | |
| ਭਾਗ **III** | **ਅਧੀਨ ਵਿਧਾਨਕਾਰੀ** | |
| | *ਕੋਈ ਨਹੀਂ* | |
| ਭਾਗ **IV** | **ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ** | |
| | *ਕੋਈ ਨਹੀਂ* | |


——————

ਭਾਗ–**I**

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 30 ਸਤੰਬਰ, 2025

ਨੰ. 44/ਭ:ਕ/2025.— ਪੰਜਾਬ ਸਿੱਖਿਆ ਵਿਕਾਸ ਐਕਟ, 1998 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

**NOTIFICATION**

The 30th September, 2025

**No. 44/L.C./2025.–** The Translation in Punjabi of the Punjab Education Development Act, 1998 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

ਪੰਜਾਬ ਸਿੱਖਿਆ ਵਿਕਾਸ ਐਕਟ, 1998

(1998 ਦਾ ਪੰਜਾਬ ਐਕਟ ਨੰ 26)

ਰਾਜ ਵਿੱਚ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਅਤੇ ਰਾਜ ਦੀਆਂ ਸਿੱਖਿਅਕ ਸੰਸਥਾਵਾਂ ਵਿੱਚ ਆਧਾਰਕ ਬਣਤਰ ਸਹੂਲਤਾਂ ਅਤੇ ਸੁਵਿਧਾਵਾਂ ਵਿੱਚ ਸੁਧਾਰ ਕਰਨ ਦੇ ਵਿਚਾਰ ਨਾਲ ਪੰਜਾਬ ਸਿੱਖਿਆ ਵਿਕਾਸ ਬੋਰਡ ਦੀ ਸਥਾਪਨਾ ਕਰਨ ਲਈ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਉਨੰਜਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:–

1. (1) ਇਸ ਐਕਟ ਨੂੰ ਪੰਜਾਬ ਸਿੱਖਿਆ ਵਿਕਾਸ ਐਕਟ, 1998 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ ।

(2) ਇਹ ਤੁਰੰਤ ਨਾਫ਼ਜ ਹੋਵੇਗਾ।

2. ਇਸ ਐਕਟ ਵਿੱਚ, ਜੇ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,— ਪਰਿਭਾਸ਼ਾਵਾਂ ।

(ੳ) "ਆਦਰਸ਼ ਸਕੂਲ" ਦਾ ਮਤਲਬ ਹੈ ਬੋਰਡ ਦੁਆਰਾ ਨਿਰਧਾਰਤ ਕੀਤੀ ਜਾਣ ਵਾਲੀ ਫ਼ੀਸ 'ਤੇ ਆਰਥਿਕ ਤੌਰ ਤੇ ਕਮਜ਼ੋਰ, ਬੁੱਧੀਮਾਨ ਅਤੇ ਹੋਣਹਾਰ ਵਿਦਿਆਰਥੀਆਂ ਨੂੰ ਗੁਣਵੱਤਾ ਵਾਲੀ ਸਿੱਖਿਆ ਪ੍ਰਦਾਨ ਕਰਨ ਲਈ ਇਸ ਐਕਟ ਅਧੀਨ ਸਥਾਪਤ ਇੱਕ ਸਕੂਲ ਜਾਂ ਇੱਕ ਸੰਸਥਾ;

(ੳੳ) "ਬੋਰਡ" ਦਾ ਮਤਲਬ ਹੈ ਧਾਰਾ 3 ਅਧੀਨ ਸਥਾਪਤ ਪੰਜਾਬ ਸਿੱਖਿਆ ਵਿਕਾਸ ਬੋਰਡ;

(ਅ) "ਫੰਡ" ਦਾ ਮਤਲਬ ਹੈ ਧਾਰਾ 7 ਅਧੀਨ ਗਠਤ ਪੰਜਾਬ ਸਿੱਖਿਆ ਵਿਕਾਸ ਫ਼ੰਡ;

(ੲ) "ਸਰਕਾਰ" ਦਾ ਮਤਲਬ ਹੈ ਪੰਜਾਬ ਸਰਕਾਰ ਵਿੱਚ ਸਿੱਖਿਆ ਵਿਭਾਗ;

(ਸ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਨਿਯਮਾਂ ਦੁਆਰਾ ਮੁਕੱਰਰ;

(ਸਸ) "ਪ੍ਰਾਈਵੇਟ ਭਾਈਵਾਲ" ਦਾ ਮਤਲਬ ਹੈ ਕੋਈ ਵਿਅਕਤੀ, ਜਿਸਨੂੰ ਬੋਰਡ ਦੁਆਰਾ ਆਦਰਸ਼ ਸਕੂਲ ਦੀ ਸਥਾਪਨਾ ਅਤੇ ਚਲਾਉਣ ਵਿੱਚ ਸਹਿਯੁਕਤ ਕੀਤਾ ਜਾਵੇ;

(ਸਸਸ) "ਜਨਤਕ ਪ੍ਰਾਈਵੇਟ ਭਾਈਵਾਲੀ" ਦਾ ਮਤਲਬ ਹੈ ਇੱਕ ਆਦਰਸ਼ ਸਕੂਲ ਸਥਾਪਤ ਕਰਨ ਅਤੇ ਚਲਾਉਣ ਲਈ ਬੋਰਡ ਅਤੇ ਇੱਕ ਪ੍ਰਾਈਵੇਟ ਭਾਈਵਾਲ ਵਿਚਕਾਰ ਸਹਿਮਤੀ ਵਾਲਾ ਪ੍ਰਬੰਧ;

(ਹ) "ਵਿਨਿਯਮ" ਦਾ ਮਤਲਬ ਹੈ ਇਸ ਐਕਟ ਅਧੀਨ ਬੋਰਡ ਦੁਆਰਾ ਬਣਾਏ ਵਿਨਿਯਮ; ਅਤੇ

(ਕ) "ਧਾਰਾ" ਦਾ ਮਤਲਬ ਹੈ ਇਸ ਐਕਟ ਦੀ ਧਾਰਾ।

ਬੋਰਡ ਦੀ ਸਥਾਪਨਾ, ਇਸਦਾ ਗਠਨ, ਸ਼ਕਤੀਆਂ ਅਤੇ ਕਰਤੱਵ ।

3. (1) ਸਰਕਾਰ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ ਪੰਜਾਬ ਸਿੱਖਿਆ ਵਿਕਾਸ ਬੋਰਡ ਦੇ ਨਾਂ ਨਾਲ ਜਾਣੇ ਜਾਣ ਵਾਲਾ ਬੋਰਡ ਸਥਾਪਤ ਕਰ ਸਕੇਗੀ।

(2) ਉਪ-ਧਾਰਾ (1) ਦੇ ਨਿਬੰਧ ਵਿੱਚ ਸਥਾਪਤ ਬੋਰਡ ਹੇਠ ਲਿਖਿਆਂ ਤੋਂ ਮਿਲਕੇ ਬਣੇਗਾ, ਅਰਥਾਤ:–

| | | |
|---|---|---|
| (i) | ਮੁੱਖ ਮੰਤਰੀ; | : ਚੇਅਰਮੈਨ |
| (ii) | ਸਕੂਲ ਸਿੱਖਿਆ ਦਾ ਇੰਚਾਰਜ ਮੰਤਰੀ; | : ਵਾਈਸ-ਚੇਅਰਮੈਨ |
| (iii) | ਮੁੱਖ ਸਕੱਤਰ; | : ਮੈਂਬਰ |
| (iv) | ਸਕੱਤਰ, ਸਕੂਲ ਸਿੱਖਿਆ; | : ਮੈਂਬਰ |
| (v) | ਵਿੱਤ ਸਕੱਤਰ; | : ਮੈਂਬਰ |
| (vi) | ਆਬਕਾਰੀ ਅਤੇ ਕਰ ਸਕੱਤਰ; | : ਮੈਂਬਰ |
| (vii) | ਸਰਕਾਰ ਦੁਆਰਾ ਨਿਯੁਕਤ ਕੀਤਾ ਜਾਣ ਵਾਲਾ ਭਾਰਤੀ ਪ੍ਰਸ਼ਾਸਕੀ ਸੇਵਾ ਦਾ ਅਧਿਕਾਰੀ; | : ਮੈਂਬਰ-ਸਕੱਤਰ |
| (viii) | ਮੁੱਖ ਮੰਤਰੀ ਦੁਆਰਾ ਨਾਮਜ਼ਦ ਕੀਤੇ ਜਾਣ ਵਾਲੇ ਤਿੰਨ ਉੱਘੇ ਸਿੱਖਿਆ ਸ਼ਾਸਤਰੀ; ਅਤੇ | : ਮੈਂਬਰ |
| (ix) | ਮੁੱਖ ਮੰਤਰੀ ਦੁਆਰਾ ਨਾਮਜ਼ਦ ਕੀਤੇ ਜਾਣ ਵਾਲੇ ਚਾਰ ਉੱਘੇ ਪ੍ਰਾਈਵੇਟ ਭਾਈਵਾਲ। | : ਮੈਂਬਰ |

(3) ਬੋਰਡ ਇੱਕ ਨਿਗਮਤ ਸੰਸਥਾ ਹੋਵੇਗਾ ਜਿਸਦਾ ਆਪਣਾ ਸਦੀਵੀ ਉਤਰਾਧਿਕਾਰ ਹੋਵੇਗਾ ਅਤੇ ਸਾਂਝੀ ਮੁਹਰ ਹੋਵੇਗੀ ਜਿਸ ਕੋਲ ਇਸ ਐਕਟ ਦੇ ਉਪਬੰਧਾਂ ਦੇ ਤਾਬੇ ਚੁੱਕਵੀਂ ਅਤੇ ਅਚੁੱਕਵੀਂ ਦੋਵੇਂ ਤਰ੍ਹਾਂ ਦੀ ਸੰਪੱਤੀ ਅਰਜਤ ਕਰਨ, ਧਾਰਨ ਕਰਨ ਜਾਂ ਨਿਪਟਾਰਾ ਕਰਨ ਦੀ ਸ਼ਕਤੀ ਹੋਵੇਗੀ ਅਤੇ ਉਕਤ ਨਾਂ ਨਾਲ ਉਹ ਦਾਵਾ ਕਰ ਸਕੇਗਾ ਅਤੇ ਉਸ 'ਤੇ ਦਾਵਾ ਕੀਤਾ ਜਾ ਸਕੇਗਾ।

(4) ਸਰਕਾਰ ਬੋਰਡ ਅਤੇ ਇਸਦੇ ਕਰਮਚਾਰੀਆਂ ਤੇ ਆਮ ਨਿਗਰਾਨੀ ਅਤੇ ਕੰਟਰੋਲ ਰੱਖੇਗੀ ਅਤੇ ਅਜਿਹੀ ਜਾਣਕਾਰੀ ਮੰਗ ਸਕੇਗੀ ਜਿਵੇਂ ਉਹ ਜ਼ਰੂਰੀ ਸਮਝੇ।

(5) ਇਸ ਐਕਟ ਅਧੀਨ ਬਣੇ ਨਿਯਮਾਂ ਦੇ ਤਾਬੇ ਆਉਂਦੇ ਵਿੱਤੀ ਸਾਲ ਲਈ ਬੋਰਡ ਦੀ ਆਮਦਨ ਅਤੇ ਖਰਚ ਦਾ ਸਾਲਾਨਾ ਅਨੁਮਾਨ, ਬੋਰਡ ਦੇ ਮੈਂਬਰ-ਸਕੱਤਰ ਦੁਆਰਾ ਤਿਆਰ ਕਰਵਾਇਆ ਜਾਵੇਗਾ ਅਤੇ ਬੋਰਡ ਨੂੰ ਪ੍ਰਵਾਨਗੀ ਲਈ ਪੇਸ਼ ਕੀਤਾ ਜਾਵੇਗਾ।

(6) ਬੋਰਡ ਦੇ ਆਮਦਨ ਅਤੇ ਖ਼ਰਚ ਦੀ ਸਾਲਾਨਾ ਵਿਵਰਣੀ ਬੋਰਡ ਦੇ ਮੈਂਬਰ-ਸਕੱਤਰ ਦੁਆਰਾ ਤਿਆਰ ਕਰਵਾਈ ਜਾਵੇਗੀ ਅਤੇ ਬੋਰਡ ਦੀ ਪ੍ਰਵਾਨਗੀ ਪ੍ਰਾਪਤ ਕਰਨ ਪਿੱਛੋਂ, ਉਸਨੂੰ ਵਿੱਤੀ ਸਾਲ ਦੇ ਅੰਤ ਦੀ ਤਰੀਕ ਤੋਂ ਤਿੰਨ ਮਹੀਨੇ ਦੀ ਮੁੱਦਤ ਦੇ ਅੰਦਰ ਸਰਕਾਰ ਕੋਲ ਭੇਜਿਆ ਜਾਵੇਗਾ।

(7) ਬੋਰਡ ਦਾ ਆਪਣਾ ਮੁੱਖ-ਦਫ਼ਤਰ ਚੰਡੀਗੜ੍ਹ ਜਾਂ ਅਜਿਹੀ ਹੋਰ ਥਾਂ 'ਤੇ ਹੋਵੇਗਾ ਜੋ ਸਰਕਾਰ ਦੁਆਰਾ ਸਮੇਂ ਸਮੇਂ ਤੇ ਅਧਿਸੂਚਿਤ ਕੀਤਾ ਜਾ ਸਕੇਗਾ।

4. ਧਾਰਾ 7 ਦੀ ਉਪ-ਧਾਰਾ (1) ਅਧੀਨ ਗਠਤ ਫ਼ੰਡ ਦੇ ਲੇਖਿਆਂ ਦਾ ਆਡਿਟ ਪ੍ਰੀਖਿਅਕ, ਸਥਾਨਕ ਫ਼ੰਡ ਲੇਖਾ, ਪੰਜਾਬ ਦੁਆਰਾ ਕੀਤਾ ਜਾਵੇਗਾ। ਆਡਿਟ।

5. (1) ਬੋਰਡ, ਸਰਕਾਰ ਦੀ ਪੂਰਵ ਪ੍ਰਵਾਨਗੀ ਨਾਲ, ਅਜਿਹੀਆਂ ਅਸਾਮੀਆਂ ਦੀ ਸਿਰਜਣਾ ਕਰ ਸਕੇਗਾ ਅਤੇ ਉਸ ਉੱਤੇ ਅਜਿਹੇ ਅਫ਼ਸਰ ਅਤੇ ਹੋਰ ਕਰਮਚਾਰੀ ਨਿਯੁਕਤ ਕਰ ਸਕੇਗਾ, ਜਿਵੇਂ ਉਹ ਇਸਦੇ ਕਾਜਕਾਰਾਂ ਨੂੰ ਕਾਰਜ ਕੁਸ਼ਲਤਾ ਨਾਲ ਨਿਭਾਉਣ ਲਈ ਜ਼ਰੂਰੀ ਸਮਝੇ। ਬੋਰਡ ਦੇ ਅਧਿਕਾਰੀ ਅਤੇ ਕਰਮਚਾਰੀ।

(2) ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਅਧਿਕਾਰੀਆਂ ਅਤੇ ਹੋਰ ਕਰਮਚਾਰੀਆਂ ਦੀਆਂ ਸੇਵਾ ਦੀਆਂ ਸ਼ਰਤਾਂ, ਅਤੇ ਉਨ੍ਹਾਂ ਦੇ ਕਾਜਕਾਰ ਅਤੇ ਕਰਤੱਵ ਅਜਿਹੇ ਹੋਣਗੇ, ਜੋ ਬੋਰਡ ਦੁਆਰਾ ਇਸ ਐਕਟ ਅਧੀਨ ਵਿਨਿਯਮਾਂ ਦੁਆਰਾ ਨਿਰਧਾਰਤ ਕੀਤੇ ਜਾਣ।

6. (1) ਤੱਤਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ ਅਤੇ ਇਸ ਐਕਟ ਅਧੀਨ ਬਣੇ ਨਿਯਮਾਂ ਦੇ ਤਾਬੇ, ਇਸ ਐਕਟ ਦੇ ਪ੍ਰਯੋਜਨਾਂ ਲਈ, ਪੰਜਾਬ ਰਾਜ ਵਿੱਚ ਦਰਮਿਆਨੇ ਦਰਜੇ ਦੀ ਸ਼ਰਾਬ, ਭਾਰਤ ਵਿੱਚ ਬਣੀ ਵਿਦੇਸ਼ੀ ਸ਼ਰਾਬ ਅਤੇ ਬੀਅਰ ਦੀ ਵਿਕਰੀ ਉੱਪਰ ਇੱਕ ਉਪਕਰ ਲਗਾਇਆ ਜਾਵੇਗਾ, ਜੋ ਦਸ ਰੁਪਏ ਪ੍ਰਤੀ ਪਰੂਫ ਲੀਟਰ ਤੋਂ ਵੱਧ ਨਹੀਂ ਹੋਵੇਗਾ, ਜੋ ਸਰਕਾਰ ਦੁਆਰਾ ਸਮੇਂ ਸਮੇਂ ਤੇ ਅਧਿਸੂਚਿਤ ਕੀਤਾ ਜਾ ਸਕੇਗਾ। ਉਪਕਰ ਦਾ ਲਾਉਣਾ ਅਤੇ ਉਗਰਾਹੁਣਾ।

(2) ਉਪ-ਧਾਰਾ (1) ਅਧੀਨ ਲਗਾਇਆ ਉਪ-ਕਰ ਆਬਕਾਰੀ ਅਤੇ ਕਰ ਵਿਭਾਗ ਦੁਆਰਾ ਮੁਕੱਰਰ ਤਰੀਕੇ ਨਾਲ ਇਕੱਠਾ ਕੀਤਾ ਜਾਵੇਗਾ।

(3) ਉਪ-ਧਾਰਾ (1) ਅਧੀਨ ਲਗਾਏ ਉਪ-ਕਰ ਦੀਆਂ ਵੱਟਕਾਂ ਆਬਕਾਰੀ ਅਤੇ ਕਰ ਵਿਭਾਗ ਦੁਆਰਾ ਅਜਿਹੀ ਮੁੱਦਤ ਅੰਦਰ, ਜੋ ਮੁਕੱਰਰ ਕੀਤੀ ਜਾ ਸਕੇ, ਫ਼ੰਡ ਨੂੰ ਮੁੰਤਕਿਲ ਕੀਤੀਆਂ ਜਾਣਗੀਆਂ।

7. (1) ਇੱਕ ਫ਼ੰਡ ਦਾ ਗਠਨ ਕੀਤਾ ਜਾਵੇਗਾ ਜੋ ਪੰਜਾਬ ਸਿੱਖਿਆ ਵਿਕਾਸ ਫ਼ੰਡ ਦੇ ਨਾਂ ਨਾਲ ਜਾਣਿਆ ਜਾ ਸਕੇਗਾ, ਜੋ ਧਾਰਾ 3 ਅਧੀਨ ਸਥਾਪਤ ਬੋਰਡ ਵਿੱਚ ਨਿਹਿਤ ਹੋਵੇਗਾ। ਫ਼ੰਡਾਂ ਦਾ ਗਠਨ।

(2) ਫ਼ੰਡ ਬੋਰਡ ਦੀ ਨਿਗਰਾਨੀ ਅਤੇ ਕੰਟਰੋਲ ਅਧੀਨ ਬੋਰਡ ਦੇ ਮੈਂਬਰ ਸਕੱਤਰ ਦੁਆਰਾ ਪ੍ਰਸ਼ਾਸਤ ਕੀਤਾ ਜਾਵੇਗਾ।

(3) ਧਾਰਾ 6 ਅਧੀਨ ਉਪ-ਕਰ ਤੋਂ ਵਸੂਲ ਕੀਤੀ ਅਤੇ ਉਗਰਾਹੀ ਰਕਮ ਰਾਜ ਸਰਕਾਰ ਅਤੇ ਸਥਾਨਕ ਅਥਾਰਟੀਆਂ ਤੋਂ ਪ੍ਰਾਪਤ ਗ੍ਰਾਂਟਾਂ ਸਮੇਤ, ਫ਼ੰਡ ਵਿੱਚ ਅਜਿਹੀ ਮੁੱਦਤ ਅਤੇ ਅਜਿਹੇ ਤਰੀਕੇ ਨਾਲ, ਜਿਵੇਂ ਮੁਕੱਰਰ ਕੀਤਾ ਜਾਵੇ, ਜਮ੍ਹਾਂ ਕੀਤੀ ਜਾਵੇਗੀ।

ਭੋਂ ਜਾਂ ਇਮਾਰਤ ਦਾ ਤਬਾਦਲਾ।

7-ੳ. (1) ਤੱਤ-ਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਦੇ ਉਪਬੰਧਾਂ ਦੇ ਤਾਬੇ, ਕੋਈ ਸਥਾਨਕ ਬੌਡੀ ਜਾਂ ਅਥਾਰਟੀ ਜਾਂ ਪ੍ਰਵਿਧਾਨਕ ਬੋਰਡ ਜਾਂ ਕਾਰਪੋਰੇਸ਼ਨ ਜਾਂ ਰਾਜ ਸਰਕਾਰ ਦਾ ਕੋਈ ਵਿਭਾਗ, ਆਦਰਸ਼ ਸਕੂਲਾਂ ਦੀ ਸਥਾਪਨਾ ਲਈ, ਆਪਣੀ ਮਾਲਕੀਅਤ ਵਾਲੀ ਜਾਂ ਇਸ ਵਿੱਚ ਨਿਹਿਤ ਕਿਸੇ ਵੀ ਭੋਂ ਜਾਂ ਇਮਾਰਤ ਨੂੰ ਬੋਰਡ ਨੂੰ ਮੁਫ਼ਤ ਜਾਂ ਨਾਮਾਤਰ ਕੀਮਤ 'ਤੇ ਮੁੰਤਕਿਲ ਕਰ ਸਕਦਾ ਹੈ।

(2) ਉਪ-ਧਾਰਾ (1) ਅਧੀਨ ਮੁੰਤਕਿਲ ਕੀਤੀ ਗਈ ਭੋਂ ਜਾਂ ਇਮਾਰਤ, ਆਦਰਸ਼ ਸਕੂਲਾਂ ਦੀ ਸਥਾਪਨਾ ਲਈ ਬੋਰਡ ਦੁਆਰਾ ਖੁਦ ਵਰਤੀ ਜਾ ਸਕੇਗੀ ਜਾਂ ਇਸਨੂੰ ਕਿਸੇ ਪ੍ਰਾਈਵੇਟ ਭਾਈਵਾਲ ਨੂੰ ਅਜਿਹੇ ਨਿਬੰਧਨਾਂ ਅਤੇ ਸ਼ਰਤਾਂ 'ਤੇ ਪੱਟੇ 'ਤੇ ਦਿੱਤਾ ਜਾ ਸਕੇਗਾ, ਜਿਵੇਂ ਆਦਰਸ਼ ਸਕੂਲਾਂ ਦੀ ਸਥਾਪਨਾ ਲਈ ਬੋਰਡ ਅਤੇ ਪ੍ਰਾਈਵੇਟ ਭਾਈਵਾਲ ਵਿਚਕਾਰ ਸਹਿਮਤੀ ਹੋਈ ਹੋਵੇ।

ਜਨਤਕ-ਪਾਈਵੇਟ-ਭਾਈਵਾਲੀ।

7-ਅ. ਬੋਰਡ, ਜਾਂ ਜੇ ਸਰਕਾਰ ਦੁਆਰਾ ਨਿਰਦੇਸ਼ਤ ਕੀਤਾ ਜਾਵੇ ਤਾਂ, ਸਿੱਧੇ ਤੌਰ 'ਤੇ ਜਾਂ ਜਨਤਕ-ਪ੍ਰਾਈਵੇਟ-ਭਾਈਵਾਲੀ ਰਾਹੀਂ, ਆਦਰਸ਼ ਸਕੂਲ ਸਥਾਪਤ ਕਰੇਗਾ।

ਟੈਕਸ ਜਾਂ ਫ਼ੀਸ ਆਦਿ ਦੀ ਅਦਾਇਗੀ ਤੋਂ ਛੋਟ।

7-ੲ. ਤੱਤ ਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਸਰਕਾਰ, ਜੇ ਇਹ ਜਨਤਕ ਹਿੱਤ ਵਿੱਚ ਅਜਿਹਾ ਕਰਨਾ ਮੁਨਾਸਬ ਅਤੇ ਹਾਲਾਤ ਅਨੁਸਾਰ ਉੱਚਿਤ ਸਮਝਦੀ ਹੈ, ਤਾਂ ਉਹ ਕਿਸੇ ਵੀ ਆਦਰਸ਼ ਸਕੂਲ, ਜੋ ਸਥਾਪਤ ਕੀਤਾ ਗਿਆ ਹੈ ਅਤੇ ਚੱਲ ਰਿਹਾ ਹੈ ਜਾਂ ਆਦਰਸ਼ ਸਕੂਲ ਸਥਾਪਤ ਕਰਨ ਲਈ ਵਰਤੇ ਜਾਣ ਵਾਲੇ ਅਧਾਰਕ ਬਣਤ ਨੂੰ ਟੈਕਸ, ਉਪ-ਕਰ, ਮਸੂਲ ਜਾਂ ਫ਼ੀਸ ਜਾਂ ਕਿਸੇ ਹੋਰ ਚਾਰਜ ਦੀ ਅਦਾਇਗੀ ਤੋਂ ਛੋਟ ਦੇ ਸਕੇਗੀ, ਜੋ ਰਾਜ ਸਰਕਾਰ ਦੁਆਰਾ ਖੁਦ ਜਾਂ ਇਸਦੇ ਨਮਿੱਤ ਕਿਸੇ ਅਥਾਰਟੀ ਜਾਂ ਬੌਡੀ, ਭਾਵੇਂ ਨਿਗਮਤ ਹੈ ਜਾਂ ਨਹੀਂ, ਅਰੋਪਿਆ, ਲਗਾਇਆ ਜਾਂ ਇਕੱਠਾ ਕੀਤਾ ਜਾ ਸਕੇਗਾ।

ਪ੍ਰਯੋਜਨ ਜਿਨ੍ਹਾਂ ਲਈ ਫ਼ੰਡ ਲਾਗੂ ਕੀਤੇ ਜਾ ਸਕਣਗੇ।

8. (1) ਪੰਜਾਬ ਰਾਜ ਵਿੱਚ ਆਦਰਸ਼ ਸਕੂਲਾਂ ਦੀ ਸਥਾਪਨਾ, ਸੰਚਾਲਨ ਅਤੇ ਅਧਾਰਕ ਬਣਤ ਸਮੇਤ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਲਈ ਫ਼ੰਡ ਵਰਤੇ ਜਾਣਗੇ।

(2) ਉਪ-ਧਾਰਾ (1) ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਫ਼ੰਡ ਹੇਠ-ਲਿਖੇ ਪ੍ਰਯੋਜਨਾਂ ਲਈ ਵਿਸ਼ੇਸ਼ ਤੌਰ ਤੇ ਵਰਤੇ ਜਾਣਗੇ, ਅਰਥਾਤ:–

(ੳ) ਸਿੱਖਿਆ ਪ੍ਰਯੋਜਨਾਂ ਲਈ ਭੋਂ ਅਰਜਤ ਕਰਨਾ;

(ੳੳ) ਸਕੂਲਾਂ ਦੀਆਂ ਇਮਾਰਤਾਂ ਦੀ ਉਸਾਰੀ ਕਰਨਾ;

(ਅ) ਸਕੂਲਾਂ ਵਿੱਚ ਆਧਾਰਕ ਬਣਤ ਅਤੇ ਸੁਵਿਧਾਵਾਂ ਜਿਵੇਂ ਪਾਣੀ ਦੀ ਪੂਰਤੀ, ਮੂਲ ਸਫਾਈ, ਫਰਨੀਚਰ ਅਤੇ ਅਧਿਆਪਨ ਸਹਾਇਤਾ ਪ੍ਰਦਾਨ ਕਰਨਾ;

(ੲ) ਸਕੂਲਾਂ ਵਿੱਚ ਜਿਵੇਂ ਪੁਸਤਕਾਲਾ, ਪ੍ਰਯੋਗਸ਼ਾਲਾਵਾਂ ਅਤੇ ਕੰਪਿਊਟਰ ਦੇ ਸਾਜ-ਸਮਾਨ ਅਤੇ ਹੋਰ ਕਿੱਤਾ-ਮੁੱਖੀ ਸਹਾਇਤਾ ਪ੍ਰਦਾਨ ਕਰਨ ਅਤੇ ਵਾਧਾ ਕਰਨ ਲਈ; ਅਤੇ

(ਸ) ਕੋਈ ਹੋਰ ਪ੍ਰਯੋਜਨ ਜਿਵੇਂ ਬੋਰਡ ਦੁਆਰਾ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਣ ਅਤੇ ਇਸ ਐਕਟ ਦੇ ਉਪਬੰਧਾਂ ਨੂੰ ਅੱਗੇ ਵਧਾਉਣ ਲਈ ਜਰੂਰੀ ਸਮਝਿਆ ਜਾਵੇ।

(3) ਪੂੰਜੀ ਜਿਸ ਵਿੱਚ ਆਦਰਸ਼ ਸਕੂਲਾਂ ਦੇ ਸੰਚਾਲਨ ਅਤੇ ਆਧਾਰਕ ਬਣਤ ਦੇ ਖ਼ਰਚੇ ਸ਼ਾਮਲ ਹਨ, ਫ਼ੰਡ ਤੇ ਪਹਿਲਾ ਭਾਰ ਹੋਵੇਗੀ।

ਬੋਰਡ ਨੂੰ ਨਿਰਦੇਸ਼ ਜਾਰੀ ਕਰਨ ਦੀ ਸਰਕਾਰ ਦੀ ਸ਼ਕਤੀ।

9. ਸਰਕਾਰ, ਸਮੇਂ ਸਮੇਂ ਤੇ, ਬੋਰਡ ਨੂੰ ਅਜਿਹੇ ਹੁਕਮ ਅਤੇ ਨਿਰਦੇਸ਼ ਜਾਰੀ ਕਰ ਸਕੇਗੀ ਜੋ ਉਸ ਦੀ ਰਾਇ ਵਿੱਚ ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਜ਼ਰੂਰੀ ਜਾਂ ਹਾਲਾਤ ਅਨੁਸਾਰ ਉਚਿਤ ਹਨ ਅਤੇ ਬੋਰਡ ਅਜਿਹੇ ਹੁਕਮਾਂ ਅਤੇ ਨਿਰਦੇਸ਼ਾਂ ਨੂੰ ਪ੍ਰਭਾਵੀ ਬਣਾਏਗਾ।

ਨੇਕਨੀਤੀ ਨਾਲ ਕੀਤੀ ਕਾਰਵਾਈ ਦਾ ਬਚਾਉ ]

10. ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਕਿਸੇ ਨਿਯਮ ਜਾਂ ਵਿਨਿਯਮ ਜਾਂ ਕੀਤੇ ਗਏ ਕਿਸੇ ਹੁਕਮ ਦੇ ਅਨੁਸਰਣ ਵਿੱਚ ਨੇਕ-ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਲਈ ਸਰਕਾਰ ਜਾਂ ਸਰਕਾਰ ਜਾਂ ਬੋਰਡ ਦੇ ਕਿਸੇ ਅਧਿਕਾਰੀ ਵਿਰੁੱਧ ਕੋਈ ਦਾਵਾ, ਮੁਕੱਦਮਾ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋ ਸਕੇਗੀ।

ਨਿਯਮ ਬਣਾਉਣ ਦੀ ਸ਼ਕਤੀ।

11. (1) ਸਰਕਾਰ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ।

(2) ਪੂਰਵਗਾਮੀ ਸ਼ਕਤੀਆਂ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਜਿਹੇ ਨਿਯਮ ਹੇਠ-ਲਿਖਿਆਂ ਲਈ ਉਪਬੰਧ ਕਰ ਸਕਣਗੇ,—

(ੳ) ਧਾਰਾ 3 ਦੀ ਉਪ-ਧਾਰਾ (5) ਅਧੀਨ ਸਾਲਾਨਾ ਆਮਦਨ ਅਤੇ ਖਰਚ ਦੇ ਅਨੁਮਾਨ ਨੂੰ ਤਿਆਰ ਕਰਨ ਲਈ ਅਤੇ ਪ੍ਰਵਾਨਗੀ ਲਈ ਪੇਸ਼ ਕਰਨ ਲਈ;

(ਅ) ਧਾਰਾ 6 ਦੀ ਉਪ-ਧਾਰਾ (2) ਅਧੀਨ ਉਪ-ਕਰ ਉਗਰਾਹੁਣ ਦਾ ਤਰੀਕਾ;

(ੲ) ਉਹ ਮੁੱਦਤ ਜਿਸ ਅੰਦਰ ਧਾਰਾ 6 ਦੀ ਉਪ-ਧਾਰਾ (3) ਅਧੀਨ ਮੁੱਦਤ ਜਿਸ ਦੌਰਾਨ ਰਕਮ ਫ਼ੰਡ ਨੂੰ ਮੁੰਤਕਿਲ ਕੀਤੀ ਜਾਣੀ ਹੈ; ਅਤੇ

(ਸ) ਕੋਈ ਹੋਰ ਮਾਮਲਾ, ਜੋ ਮੁਕੱਰਰ ਕੀਤਾ ਜਾਣਾ ਹੈ ਜਾਂ ਕੀਤਾ ਜਾਵੇ।

(3) ਇਸ ਧਾਰਾ ਅਧੀਨ ਬਣਾਇਆ ਗਿਆ ਹਰੇਕ ਨਿਯਮ, ਉਸ ਦੇ ਬਣਾਏ ਜਾਣ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਅੱਗੇ ਜਦ ਉਹ ਦਸ ਦਿਨਾਂ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ ਜੋ ਇਕ ਇਜਲਾਸ ਵਿੱਚ, ਜਾਂ ਇੱਕ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ, ਉਪਰੋਕਤ ਜਾਂ ਕ੍ਰਮਵਰਤੀ ਇਜਲਾਸਾਂ ਤੋਂ ਤੁਰੰਤ ਮਗਰੋਂ ਹੋਣ ਵਾਲੇ ਇਜਲਾਸ ਦੇ ਗੁਜ਼ਰਨ ਤੋਂ ਪਹਿਲਾਂ, ਦੋਵੇਂ ਸਦਨ ਉਸ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦੇ ਹਨ, ਜਾਂ ਦੋਵੇਂ ਸਦਨ ਸਹਿਮਤ ਹੋ ਜਾਂਦੇ ਹਨ ਕਿ ਉਹ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਤਾਂ ਉਹ ਨਿਯਮ ਉਸ ਤੋਂ ਪਿੱਛੋਂ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ, ਜਾਂ, ਜਿਹੀ ਕਿ ਸੂਰਤ ਹੋਵੇ, ਉਸ ਦਾ ਕੋਈ ਪ੍ਰਭਾਵ ਨਹੀਂ ਹੋਵੇਗਾ, ਐਪਰ, ਅਜਿਹੇ ਕਿਸੇ ਰੂਪਭੇਦ ਜਾਂ ਰੱਦ ਕਰਨ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਜਾਂ ਲੋਪ ਕੀਤੀ ਜਾਣੀ ਕਿਸੇ ਗੱਲ ਦੀ ਜਾਇਜ਼ਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਾਵੇਗਾ।

ਵਿਨਿਯਮ ਬਣਾਉਣ ਦੀ ਸ਼ਕਤੀ।

12. (1) ਬੋਰਡ, ਸਮੇਂ ਸਮੇਂ ਤੇ, ਸਰਕਾਰ ਦੀ ਪੂਰਵ ਪ੍ਰਵਾਨਗੀ ਨਾਲ, ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਲਈ, ਇਸ ਐਕਟ ਅਤੇ ਉਸ ਅਧੀਨ ਬਣੇ ਨਿਯਮਾਂ ਨਾਲ ਨ ਅਸੰਗਤ ਵਿਨਿਯਮ, ਬਣਾ ਸਕੇਗਾ।

(2) ਖ਼ਾਸ ਕਰਕੇ, ਅਤੇ ਪੂਰਵਗਾਮੀ ਸ਼ਕਤੀ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਜਿਹੇ ਵਿਨਿਯਮ ਹੇਠ-ਲਿਖਿਆਂ ਲਈ ਉਪਬੰਧ ਕਰ ਸਕਣਗੇ:–

(ੳ) ਬੋਰਡ ਦੀ ਇਕੱਤਰਤਾ ਵਿੱਚ ਕਾਰੋਬਾਰ ਦਾ ਸੰਚਾਲਣ ਕਰਨ ਲਈ;

(ਅ) ਧਾਰਾ 5 ਦੀ ਉਪ-ਧਾਰਾ (2) ਅਧੀਨ ਬੋਰਡ ਦੇ ਅਧਿਕਾਰੀਆਂ ਅਤੇ ਹੋਰ ਕਰਮਚਾਰੀਆਂ ਦੀਆਂ ਸੇਵਾ ਦੀਆਂ ਸ਼ਰਤਾਂ ਅਤੇ ਉਨ੍ਹਾਂ ਦੇ ਕਾਜਕਾਰ ਅਤੇ ਕਰਤੱਵ।

ਕਠਨਾਈਆਂ ਦੂਰ ਕਰਨ ਦੀ ਸ਼ਕਤੀ।

13. ਜੇ ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਨਾਈ ਪੈਦਾ ਹੁੰਦੀ ਹੈ, ਤਾਂ ਸਰਕਾਰ, ਹੁਕਮ ਦੁਆਰਾ, ਅਜਿਹੇ ਉਪਬੰਧ ਬਣਾ ਸਕੇਗੀ ਜਿਸ ਵਿੱਚ ਇਸ ਐਕਟ ਦੇ ਕਿਸੇ ਉਪਬੰਧ ਵਿੱਚ ਕੀਤੀ ਕੋਈ ਅਨੁਕੂਲਣ ਜਾਂ ਰੂਪਭੇਦ ਸ਼ਾਮਲ ਹੈ, ਜੋ ਸਰਕਾਰ ਨੂੰ ਉਸ ਕਠਨਾਈ ਨੂੰ ਦੂਰ ਕਰਨ ਲਈ ਜ਼ਰੂਰੀ ਜਾਂ ਹਾਲਾਤ ਅਨੁਸਾਰ ਉਚਿਤ ਪ੍ਰਤੀਤ ਹੋਣ:

ਪ੍ਰੰਤੂ ਇਸ ਐਕਟ ਦੇ ਅਰੰਭ ਤੋਂ ਦੋ ਸਾਲ ਦੀ ਮੁੱਦਤ ਦੇ ਗੁਜ਼ਰਨ ਤੋਂ ਪਿੱਛੋਂ ਅਜਿਹਾ ਕੋਈ ਹੁਕਮ ਨਹੀਂ ਕੀਤਾ ਜਾਵੇਗਾ।

**ਦੇਵਿੰਦਰ ਕੁਮਾਰ ਗੁਪਤਾ,**
ਕਾਨੂੰਨੀ ਮਸ਼ੀਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3516/9-2025/Pb. Govt. Press, S.A.S. Nagar*

ਭਾਗ–I

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 30 ਸਤੰਬਰ, 2025

**ਨੰ. 45/ਭ:ਕ/2025.–** ਪੰਜਾਬ ਗਊ-ਸੇਵਾ ਕਮਿਸ਼ਨ ਐਕਟ, 2014 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

**NOTIFICATION**

The 30th September, 2025

**No. 45/L.C./2025.–** The Translation in Punjabi of the Punjab Gau-Sewa Commission Act, 2014 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

ਪੰਜਾਬ ਗਊ-ਸੇਵਾ ਕਮਿਸ਼ਨ ਐਕਟ, 2014

(2014 ਦਾ ਪੰਜਾਬ ਐਕਟ ਨੰ. 27)

ਰਾਜ ਵਿੱਚ ਗਊਆਂ ਦੀ ਸੰਭਾਲ ਅਤੇ ਭਲਾਈ ਲਈ, ਇਸ ਪ੍ਰਯੋਜਨ ਲਈ ਸਥਾਪਤ ਸੰਸਥਾਵਾਂ ਦੀ ਨਿਗਰਾਨੀ ਅਤੇ ਕੰਟਰੋਲ ਲਈ ਅਤੇ ਇਸ ਨਾਲ ਸਬੰਧਤ ਜਾਂ ਇਸਦੇ ਅਨੁਸੰਗਕ ਮਾਮਲਿਆਂ ਲਈ ਉਪਬੰਧ ਕਰਨ ਲਈ ਪੰਜਾਬ ਗਊ-ਸੇਵਾ ਕਮਿਸ਼ਨ ਸਥਾਪਤ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਪੈਂਹਠਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

1. (1) ਇਸ ਐਕਟ ਨੂੰ ਪੰਜਾਬ ਗਊ-ਸੇਵਾ ਕਮਿਸ਼ਨ ਐਕਟ, 2014 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ ।

(2) ਇਹ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੋਣ ਦੀ ਤਰੀਕ ਨੂੰ ਅਤੇ ਤੋਂ ਨਾਫ਼ਜ਼ ਹੋਵੇਗਾ।

2. ਇਸ ਐਕਟ ਵਿੱਚ, ਜੇ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,— ਪਰਿਭਾਸ਼ਾਵਾਂ।

(ੳ) "ਚੇਅਰਪਰਸਨ" ਦਾ ਮਤਲਬ ਹੈ ਕਮਿਸ਼ਨ ਦਾ ਚੇਅਰਪਰਸਨ;

(ਅ) "ਕਮਿਸ਼ਨ" ਦਾ ਮਤਲਬ ਹੈ ਧਾਰਾ 3 ਅਧੀਨ ਗਠਤ ਕਮਿਸ਼ਨ;

(ੲ) "ਗਊ" ਵਿੱਚ ਇੱਕ ਸਾਨ੍ਹ, ਬਲਦ, ਬੈਲ, ਵੱਛੀ ਜਾਂ ਵੱਛਾ ਸ਼ਾਮਲ ਹੈ;

(ਸ) "ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ ਵਿੱਚ ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ;

(ਹ) "ਸੰਸਥਾ" ਦਾ ਮਤਲਬ ਹੈ ਗਊ ਭਲਾਈ ਵਿੱਚ ਲੱਗਿਆ ਹੋਇਆ ਕੋਈ ਵੀ ਦਾਨ ਅਰਥ ਸੰਸਥਾ ਜਾਂ ਗੈਰ-ਸਰਕਾਰੀ ਸੰਗਠਨ ਅਤੇ ਗਊ ਰੱਖਣ, ਪ੍ਰਜਨਨ, ਪਾਲਣ-ਪੋਸ਼ਣ ਅਤੇ ਰੱਖਣ ਦੇ ਪ੍ਰਯੋਜਨ ਲਈ ਜਾਂ ਦੁਰਬਲ, ਬੁੱਢੀ ਅਤੇ ਬਿਮਾਰ ਗਊ ਦੇ ਰੱਖਣ, ਸੁਰੱਖਿਆ, ਦੇਖ-ਰੇਖ, ਪ੍ਰਬੰਧਨ ਅਤੇ ਇਲਾਜ ਦੇ ਪ੍ਰਯੋਜਨ ਲਈ ਸਥਾਪਤ ਕੀਤੀ ਗਈ ਹੈ ਅਤੇ ਇਸ ਵਿੱਚ ਤੱਤ ਸਮੇਂ ਨਾਫ਼ਜ਼ ਕਿਸੇ ਇਨੈਕਟਮੈਂਟ ਅਧੀਨ ਜਾਂ ਹੋਰ ਤਰ੍ਹਾਂ ਰਜਿਸਟਰਸ਼ੁਦਾ ਗਊਸਦਨ, ਗਊਸ਼ਾਲਾ, ਪਿੰਜਰਾਪੋਲ, ਗੌਰਕਸ਼ਾ ਸੰਸਥਾ ਅਤੇ ਉਨ੍ਹਾਂ ਦੀ ਫੈਡਰੇਸ਼ਨ ਜਾਂ ਯੂਨੀਅਨ ਸ਼ਾਮਲ ਹੈ;

(ਕ) "ਮੈਂਬਰ" ਦਾ ਮਤਲਬ ਹੈ ਕਮਿਸ਼ਨ ਦਾ ਮੈਂਬਰ ਅਤੇ ਇਸ ਵਿੱਚ ਚੇਅਰਪਰਸਨ, ਵਾਈਸ-ਚੇਅਰਪਰਸਨ ਅਤੇ ਮੈਂਬਰ-ਸਕੱਤਰ ਸ਼ਾਮਲ ਹਨ;

(ਖ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ;

(ਗ) "ਧਾਰਾ" ਦਾ ਮਤਲਬ ਹੈ ਇਸ ਐਕਟ ਦੀ ਇੱਕ ਧਾਰਾ;

(ਘ) "ਰਾਜ" ਦਾ ਮਤਲਬ ਹੈ ਪੰਜਾਬ ਰਾਜ; ਅਤੇ

(ਙ) "ਵਾਈਸ-ਚੇਅਰਪਰਸਨ" ਦਾ ਮਤਲਬ ਹੈ ਕਮਿਸ਼ਨ ਦਾ ਵਾਈਸ-ਚੇਅਰਪਰਸਨ।

ਕਮਿਸ਼ਨ ਦਾ ਗਠਨ ।

3. (1) ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਪੰਜਾਬ ਗਊ-ਸੇਵਾ ਕਮਿਸ਼ਨ ਦੇ ਨਾਂ ਨਾਲ ਜਾਣੀ ਜਾਣ ਵਾਲੀ ਇੱਕ ਬੌਡੀ ਦਾ ਗਠਨ ਕਰੇਗੀ ਜੋ ਇਸ ਐਕਟ ਅਧੀਨ ਇਸ ਨੂੰ ਪ੍ਰਦਾਨ ਕੀਤੀਆਂ ਸ਼ਕਤੀਆਂ ਦੀ ਵਰਤੋਂ ਅਤੇ ਇਸ ਨੂੰ ਸੌਂਪੇ ਗਏ ਕਾਜਕਾਰਾਂ ਨੂੰ ਨਿਭਾਏਗਾ।

(2) ਕਮਿਸ਼ਨ ਵਿੱਚ ਸ਼ਾਮਲ ਹੋਣਗੇ-

(ੳ) ਅਹੁਦੇ-ਕਾਰਨ ਮੈਂਬਰ: -

(i) ਪੰਜਾਬ ਸਰਕਾਰ ਦੇ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ ਦਾ ਵਿੱਤੀ ਕਮਿਸ਼ਨਰ ਅਤੇ ਪ੍ਰਮੁੱਖ ਸਕੱਤਰ ਜਾਂ ਉਸ ਦਾ ਪ੍ਰਤੀਨਿਧ;

(ii) ਪ੍ਰਮੁੱਖ ਸਕੱਤਰ, ਵਿੱਤ ਵਿਭਾਗ, ਪੰਜਾਬ ਸਰਕਾਰ ਜਾਂ ਉਸ ਦਾ ਪ੍ਰਤੀਨਿਧ;

(iii) ਵਿੱਤੀ ਕਮਿਸ਼ਨਰ ਅਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਥਾਨਕ ਸਰਕਾਰ ਵਿਭਾਗ ਜਾਂ ਉਸ ਦਾ ਪ੍ਰਤੀਨਿਧ;

(iv) ਵਿੱਤੀ ਕਮਿਸ਼ਨਰ ਅਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਜਾਂ ਉਸ ਦਾ ਪ੍ਰਤੀਨਿਧ;

(v) ਵਾਈਸ ਚਾਂਸਲਰ, ਗੁਰੂ ਅੰਗਦ ਦੇਵ ਵੈਟਰਨਰੀ ਅਤੇ ਪਸ਼ੂ ਵਿਗਿਆਨ ਯੂਨੀਵਰਸਿਟੀ, ਲੁਧਿਆਣਾ ਜਾਂ ਉਸ ਦਾ ਪ੍ਰਤੀਨਿਧ;

(vi) ਡਾਇਰੈਕਟਰ ਜਨਰਲ ਪੰਜਾਬ ਪੁਲਿਸ ਜਾਂ ਉਸ ਦਾ ਪ੍ਰਤੀਨਿਧ;

(vii) ਡਾਇਰੈਕਟਰ, ਪਸ਼ੂ ਪਾਲਣ, ਪੰਜਾਬ; ਮੈਂਬਰ ਸਕੱਤਰ;

(ਅ) ਗੈਰ-ਸਰਕਾਰੀ ਮੈਂਬਰ: -
ਚੇਅਰਪਰਸਨ ਅਤੇ ਵਾਈਸ-ਚੇਅਰਪਰਸਨ ਸਮੇਤ ਦਸ ਗੈਰ-ਸਰਕਾਰੀ ਮੈਂਬਰ ਹੋਣਗੇ।

(3) ਜਿਵੇਂ ਅਤੇ ਜਦ ਜ਼ਰੂਰੀ ਹੋਵੇ, ਕਮਿਸ਼ਨ ਅਧਿਕਾਰੀਆਂ ਜਾਂ ਮਾਹਿਰਾਂ ਨੂੰ ਵਿਸ਼ੇਸ਼ ਸੱਦਾ ਪੱਤਰ ਵਜੋਂ ਸਹਿਯੁਕਤ ਕਰ ਸਕਦਾ ਹੈ।

4. ਕਮਿਸ਼ਨ ਦਾ ਮੁੱਖ ਦਫਤਰ ਚੰਡੀਗੜ੍ਹ ਜਾਂ ਐਸ.ਏ.ਐਸ ਨਗਰ, ਮੋਹਾਲੀ ਵਿਖੇ ਸਥਿਤ ਹੋਵੇਗਾ। ਕਮਿਸ਼ਨ ਦਾ ਮੁੱਖ ਦਫ਼ਤਰ.

5. ਸਰਕਾਰ ਕਮਿਸ਼ਨ ਦੇ ਗੈਰ-ਸਰਕਾਰੀ ਮੈਂਬਰਾਂ ਨੂੰ ਨਿਯੁਕਤ ਕਰੇਗੀ ਜੋ ਪਸ਼ੂ ਭਲਾਈ ਵਿੱਚ ਦਿਲਚਸਪੀ ਰੱਖਦੇ ਹੋਣ। ਕਮਿਸ਼ਨ ਦੇ ਗੈਰ-ਸਰਕਾਰੀ ਮੈਂਬਰਾਂ ਦੀ ਨਿਯੁਕਤੀ ।

6. ਕਮਿਸ਼ਨ ਦੇ ਗੈਰ-ਸਰਕਾਰੀ ਮੈਂਬਰ ਆਪਣੀ ਨਿਯੁਕਤੀ ਦੀ ਤਰੀਕ ਤੋਂ ਤਿੰਨ ਸਾਲਾਂ ਦੀ ਮੁੱਦਤ ਲਈ ਅਹੁਦਾ ਧਾਰਨ ਕਰਨਗੇ। ਗੈਰ-ਸਰਕਾਰੀ ਮੈਂਬਰਾਂ ਦੇ ਅਹੁਦੇ ਦੀ ਅਉਧ ।

7. ਗੈਰ-ਸਰਕਾਰੀ ਮੈਂਬਰਾਂ ਨੂੰ ਅਦਾਇਗੀਯੋਗ ਭੱਤੇ ਅਤੇ ਸੇਵਾ ਦੇ ਹੋਰ ਨਿਬੰਧਨ ਅਤੇ ਸ਼ਰਤਾਂ ਅਜਿਹੀਆਂ ਹੋਣਗੀਆਂ, ਜਿਵੇਂ ਮੁਕੱਰਰ ਕੀਤੀਆਂ ਜਾਣ। ਗੈਰ-ਸਰਕਾਰੀ ਮੈਂਬਰਾਂ ਦੀ ਨਿਯੁਕਤੀ ਦੇ ਨਿਬੰਧਨ ਅਤੇ ਸ਼ਰਤਾਂ ।

8. (1) ਇੱਕ ਗੈਰ-ਸਰਕਾਰੀ ਮੈਂਬਰ, ਸਰਕਾਰ ਨੂੰ ਸੰਬੋਧਿਤ ਆਪਣੇ ਹੱਥ ਲਿਖਤ ਨੋਟਿਸ ਦੇ ਰਾਹੀਂ, ਆਪਣੇ ਅਹੁਦੇ ਤੋਂ ਅਸਤੀਫਾ ਦੇ ਸਕਦਾ ਹੈ। ਗੈਰ-ਸਰਕਾਰੀ ਮੈਂਬਰਾਂ ਦਾ ਅਸਤੀਫਾ ਅਤੇ ਹਟਾਉਣਾ।

(2) ਉਪ-ਧਾਰਾ (1) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਸਰਕਾਰ, ਹੁਕਮ ਦੁਆਰਾ, ਗੈਰ-ਸਰਕਾਰੀ ਮੈਂਬਰ ਨੂੰ ਅਹੁਦੇ ਤੋਂ ਹਟਾ ਸਕਦੀ ਹੈ, ਜੇ ਉਹ-

(ੳ) ਦਿਵਾਲੀਆ ਐਲਾਨਿਆ ਜਾਂਦਾ ਹੈ; ਜਾਂ

(ਅ) ਵਿਗੜ-ਚਿੱਤ ਹੈ ਅਤੇ ਕਿਸੇ ਸ਼ਕਤਵਾਨ ਅਦਾਲਤ ਨੇ ਉਸ ਨੂੰ ਅਜਿਹਾ ਐਲਾਨਿਆ ਹੋਇਆ ਹੈ; ਜਾਂ

(ੲ) ਕਿਸੇ ਅਜਿਹੇ ਅਪਰਾਧ ਲਈ ਸਿੱਧ-ਦੋਸੀ ਠਹਿਰਾਇਆ ਜਾਂਦਾ ਹੈ ਅਤੇ ਉਸ ਨੂੰ ਕੈਦ ਦਾ ਦੰਡ ਦਿੱਤਾ ਜਾਂਦਾ ਹੈ ਜੋ ਸਰਕਾਰ ਦੀ ਰਾਏ ਵਿੱਚ, ਸਦਾਚਾਰਕ ਗਿਰਾਵਟ ਵਾਲਾ ਹੈ; ਜਾਂ

(ਸ) ਕਮਿਸ਼ਨ ਤੋਂ ਗ਼ੈਰਹਾਜ਼ਰੀ ਛੁੱਟੀ ਲਏ ਬਿਨਾਂ ਕਮਿਸ਼ਨ ਦੀਆਂ ਲਗਾਤਾਰ ਤਿੰਨ ਇਕੱਤਰਤਾਵਾਂ ਤੋਂ ਗੈਰਹਾਜ਼ਰ ਰਹਿੰਦਾ ਹੈ; ਜਾਂ

(ਹ) ਸਰਕਾਰ ਦੀ ਰਾਏ ਵਿੱਚ, ਉਹ ਗੈਰ-ਸਰਕਾਰੀ ਮੈਂਬਰ ਦੀ ਹੈਸੀਅਤ ਦੀ ਅਜਿਹੀ ਦੁਰਵਰਤੋਂ ਕਰਦਾ ਹੈ ਜਿਸ ਨਾਲ ਉਸ ਵਿਅਕਤੀ ਦਾ ਅਹੁਦੇ 'ਤੇ ਬਣਿਆ ਰਹਿਣਾ ਕਮਿਸ਼ਨ ਜਾਂ ਲੋਕ ਹਿੱਤ ਲਈ ਹਾਨੀਕਾਰਕ ਹੈ।

ਨਾਕਾਬਲੀਅਤਾਂ। 9. ਕੋਈ ਵਿਅਕਤੀ ਗੈਰ-ਸਰਕਾਰੀ ਮੈਂਬਰ ਵਜੋਂ ਨਿਯੁਕਤੀ ਲਈ ਪਾਤਰ ਨਹੀਂ ਹੋਵੇਗਾ, ਜੇ ਉਹ-

(ੳ) ਭਾਰਤ ਦਾ ਨਾਗਰਿਕ ਨਹੀਂ ਹੈ; ਜਾਂ

(ਅ) 21 ਸਾਲ ਦੀ ਉਮਰ ਪੂਰੀ ਨਹੀਂ ਕੀਤੀ ਹੈ; ਜਾਂ

(ੲ) ਵਿਗੜ-ਚਿਤ ਹੈ ਅਤੇ ਕਿਸੇ ਸ਼ਕਤਵਾਨ ਅਦਾਲਤ ਨੇ ਉਸਨੂੰ ਅਜਿਹਾ ਐਲਾਨਿਆ ਹੋਇਆ ਹੈ; ਜਾਂ

(ਸ) ਕਿਸੇ ਅਜਿਹੇ ਅਪਰਾਧ ਲਈ ਸਿੱਧ-ਦੋਸ਼ੀ ਠਹਿਰਾਇਆ ਜਾਂਦਾ ਹੈ ਅਤੇ ਉਸ ਨੂੰ ਕੈਦ ਦਾ ਦੰਡ ਦਿੱਤਾ ਜਾਂਦਾ ਹੈ ਜੋ ਸਰਕਾਰ ਦੀ ਰਾਏ ਵਿੱਚ, ਸਦਾਚਾਰਕ ਗਿਰਾਵਟ ਵਾਲਾ ਹੈ; ਜਾਂ

(ਹ) ਦੁਰਾਚਾਰ ਦੇ ਕਾਰਨ ਸਰਕਾਰ ਦੀ ਸੇਵਾ ਤੋਂ ਬਰਖਾਸਤ ਕੀਤਾ ਜਾ ਚੁੱਕਾ ਹੈ ਅਤੇ ਲੋਕ ਸੇਵਾ ਵਿੱਚ ਰੁਜ਼ਗਾਰ ਲਈ ਨਾਕਾਬਲ ਐਲਾਨਿਆ ਗਿਆ ਹੈ; ਜਾਂ

(ਕ) ਦਿਵਾਲੀਆ ਨਿਆਂ ਨਿਰਣਤ ਕੀਤਾ ਜਾਂਦਾ ਹੈ।

ਇਤਫ਼ਾਕੀਆ ਖਾਲੀ ਥਾਂ। 10. ਕਿਸੇ ਗੈਰ-ਸਰਕਾਰੀ ਮੈਂਬਰ ਦੀ ਮੌਤ, ਅਸਤੀਫ਼ਾ ਜਾਂ ਨਾਕਾਬਲੀਅਤ ਦੀ ਸੂਰਤ ਵਿੱਚ ਜਾਂ ਉਸਦੇ ਅਹੁਦੇ ਦੀ ਅਉਧ ਗੁਜ਼ਰਨ ਤੋਂ ਪਹਿਲਾਂ ਕੰਮ ਕਰਨ ਦੇ ਅਯੋਗ ਹੋ ਜਾਣ ਤੇ, ਅਜਿਹੇ ਅਹੁਦੇ 'ਤੇ ਇੱਕ ਇਤਫ਼ਾਕੀਆ ਖਾਲੀ ਥਾਂ ਹੋਈ ਸਮਝੀ ਜਾਵੇਗੀ ਅਤੇ ਅਜਿਹੀ ਖਾਲੀ ਥਾਂ ਨੂੰ ਜਿੰਨੀ ਛੇਤੀ ਸੰਭਵ ਹੋ ਸਕੇ ਉਸਨੂੰ ਇੱਕ ਵਿਅਕਤੀ ਨੂੰ ਮੈਂਬਰ ਵਜੋਂ ਨਿਯੁਕਤ ਕਰਕੇ ਭਰਿਆ ਜਾਵੇਗਾ ਜੋ ਆਪਣੇ ਪੂਰਵਗਾਮੀ ਦੀ ਅਣਗੁਜ਼ਰੀ ਅਉਧ ਲਈ ਅਹੁਦਾ ਧਾਰਨ ਕਰੇਗਾ।

ਕਮਿਸ਼ਨ ਦੀਆਂ ਇਕੱਤਰਤਾਵਾਂ। 11. (1) ਕਮਿਸ਼ਨ ਇੱਕ ਇਕੱਤਰਤਾ ਤਿਮਾਹੀ ਅਤੇ ਘੱਟੋ-ਘੱਟ ਚਾਰ ਇਕੱਤਰਤਾਵਾਂ ਸਾਲਾਨਾ ਕਰੇਗਾ ਅਤੇ ਇਸਦੀਆਂ ਕਾਰਵਾਈਆਂ ਦਾ ਰਿਕਾਰਡ ਰੱਖੇਗਾ।

(2) ਕਮਿਸ਼ਨ ਦੀਆਂ ਇਕੱਤਰਤਾਵਾਂ ਚੇਅਰਪਰਸਨ ਦੁਆਰਾ ਬੁਲਾਈਆਂ ਜਾਣਗੀਆਂ ਜੋ ਇਕੱਤਰਤਾ ਦੀ ਪ੍ਰਧਾਨਗੀ ਕਰੇਗਾ ਅਤੇ ਚੇਅਰਪਰਸਨ ਦੀ ਗੈਰਹਾਜ਼ਰੀ ਵਿੱਚ, ਵਾਈਸ-ਚੇਅਰਪਰਸਨ ਇਕੱਤਰਤਾ ਦੀ ਪ੍ਰਧਾਨਗੀ ਕਰੇਗਾ ਅਤੇ ਚੇਅਰਪਰਸਨ ਅਤੇ ਵਾਈਸ-ਚੇਅਰਪਰਸਨ ਦੀ ਗੈਰਹਾਜ਼ਰੀ ਵਿੱਚ, ਹਾਜ਼ਰ ਮੈਂਬਰ ਆਪਣੇ ਵਿੱਚੋਂ ਇੱਕ ਨੂੰ ਅਜਿਹੀ ਇਕੱਤਰਤਾ ਦੀ ਪ੍ਰਧਾਨਗੀ ਕਰਨ ਲਈ ਚੁਣਨਗੇ।

(3) ਅੱਠ ਮੈਂਬਰ, ਜਿਨ੍ਹਾਂ ਵਿੱਚ ਚਾਰ ਅਹੁਦੇ ਕਾਰਨ ਅਤੇ ਚਾਰ ਗੈਰ-ਸਰਕਾਰੀ ਮੈਂਬਰ ਸਮਾਵਿਸ਼ਟ ਹਨ, ਇਕੱਤਰਤਾ ਦਾ ਕੋਰਮ ਬਣਾਉਣਗੇ।

(4) ਇਕਤਰਤਾਵਾਂ ਦੀਆਂ ਕਾਰਵਾਈਆਂ ਸਰਕਾਰ ਨੂੰ ਭੇਜੀਆਂ ਜਾਣਗੀਆਂ।

ਖ਼ਾਲੀ ਅਸਾਮੀਆਂ ਆਦਿ ਕਾਰਨ ਕਮਿਸ਼ਨ ਦੀਆਂ ਕਾਰਵਾਈਆਂ ਦਾ ਨਾਜਾਇਜ਼ ਨਾ ਹੋਣਾ।

12. ਕਮਿਸ਼ਨ ਦਾ ਕੋਈ ਕਾਰਜ ਜਾਂ ਕਾਰਵਾਈ ਸਿਰਫ਼ ਕਮਿਸ਼ਨ ਵਿੱਚ ਕਿਸੇ ਖ਼ਾਲੀ ਥਾਂ ਜਾਂ ਉਸਦੇ ਗਠਨ ਵਿੱਚ ਕਿਸੇ ਨੁਕਸ, ਜਾਂ ਚੇਅਰਪਰਸਨ ਜਾਂ ਮੈਂਬਰ ਵਜੋਂ ਕਾਰਜ ਕਰਨ ਵਾਲੇ ਕਿਸੇ ਵਿਅਕਤੀ ਦੀ ਨਿਯੁਕਤੀ ਵਿੱਚ ਕਿਸੇ ਨੁਕਸ ਜਾਂ ਕਮਿਸ਼ਨ ਦੇ ਜ਼ਾਬਤੇ ਵਿੱਚ ਕਿਸੇ ਬੇਕਾਇਦਗੀ, ਜਿਸ ਵਿੱਚ ਇਕੱਤਰਤਾ ਕਰਵਾਉਣ ਲਈ ਨੋਟਿਸ ਜਾਰੀ ਕਰਨਾ ਵੀ ਸ਼ਾਮਲ ਹੈ, ਜਿਸ ਨਾਲ ਮਾਮਲੇ ਦੇ ਗੁਣ-ਦੋਸ਼ ਤੇ ਪ੍ਰਭਾਵ ਪੈਂਦਾ ਹੋਵੇ, ਦੇ ਕਾਰਨ ਉਜ਼ਰ ਨਹੀਂ ਹੋਵੇਗੀ ਜਾਂ ਨਾਜਾਇਜ਼ ਨਹੀਂ ਹੋਵੇਗੀ।

ਅਧਿਕਾਰੀਆਂ ਅਤੇ ਹੋਰ ਕਰਮਚਾਰੀਆਂ ਦੀ ਨਿਯੁਕਤੀ।

13. ਇਸ ਨਮਿੱਤ ਬਣਾਏ ਗਏ ਅਜਿਹੇ ਨਿਯਮਾਂ ਦੇ ਤਾਬੇ, ਸਰਕਾਰ, ਕਮਿਸ਼ਨ ਨੂੰ ਇਸ ਐਕਟ ਅਧੀਨ ਆਪਣੇ ਕਾਰਜਾਂ ਨੂੰ ਕੁਸ਼ਲਤਾ ਨਾਲ ਨਿਭਾਉਣ ਦੇ ਯੋਗ ਬਣਾਉਣ ਦੇ ਪ੍ਰਯੋਜਨ ਲਈ, ਅਜਿਹੀ ਗਿਣਤੀ ਦੇ ਅਧਿਕਾਰੀਆਂ ਅਤੇ ਹੋਰ ਕਰਮਚਾਰੀਆਂ ਦੀ ਨਿਯੁਕਤੀ ਕਰ ਸਕਦੀ ਹੈ ਜਿਵੇਂ ਜ਼ਰੂਰੀ ਹੋਵੇ।

ਸੰਸਥਾਵਾਂ ਦਾ ਰਜਿਸਟਰੀਕਰਨ ਅਤੇ ਉਨ੍ਹਾਂ ਦੇ ਲੇਖਿਆਂ ਦਾ ਆਡਿਟ।

14. (1) ਇਸ ਐਕਟ ਦੇ ਅਰੰਭ 'ਤੇ, ਹਰੇਕ ਸੰਸਥਾ ਤਿੰਨ ਮਹੀਨਿਆਂ ਦੀ ਮੁੱਦਤ ਦੇ ਅੰਦਰ, ਇਸ ਐਕਟ ਅਧੀਨ ਰਜਿਸਟਰੀਕਰਨ ਲਈ ਅਰਜ਼ੀ ਅਜਿਹੇ ਤਰੀਕੇ ਨਾਲ ਜਮ੍ਹਾਂ ਕਰਵਾਏਗੀ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ।

(2) ਕਮਿਸ਼ਨ, ਅਜਿਹੀ ਜਾਂਚ ਤੋਂ ਬਾਅਦ ਜਿਵੇਂ ਉਹ ਉੱਚਿਤ ਸਮਝੇ, ਅਜਿਹੇ ਰੂਪ ਵਿੱਚ ਰਜਿਸਟਰੀਕਰਨ ਦਾ ਸਰਟੀਫਿਕੇਟ ਜਾਰੀ ਕਰੇਗਾ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ।

(3) ਕਮਿਸ਼ਨ ਆਪਣੇ ਨਾਲ ਰਜਿਸਟਰਸ਼ੁਦਾ ਸੰਸਥਾਵਾਂ ਦਾ ਇੱਕ ਰਜਿਸਟਰ ਅਜਿਹੇ ਰੂਪ ਵਿੱਚ ਰੱਖੇਗਾ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ।

(4) ਜਦੋਂ ਵੀ ਉਪ-ਧਾਰਾ (3) ਵਿੱਚ ਉਪਬੰਧਤ ਅਨੁਸਾਰ ਰਜਿਸਟਰ ਵਿੱਚ ਦਰਜ ਕਿਸੇ ਵੀ ਸੰਸਥਾ ਨਾਲ ਸਬੰਧਤ ਵੇਰਵਿਆਂ ਵਿੱਚ ਕੋਈ ਤਬਦੀਲੀ ਆਉਂਦੀ ਹੈ, ਤਾਂ ਸੰਸਥਾ ਨਮਿੱਤ ਕੰਮ ਕਰਨ ਲਈ ਸੌਂਪਿਆ ਗਿਆ ਵਿਅਕਤੀ ਕਮਿਸ਼ਨ ਨੂੰ ਤਬਦੀਲੀ ਦੀ ਰਿਪੋਰਟ ਕਰੇਗਾ, ਜੋ

ਅਜਿਹੀ ਜਾਂਚ ਤੋਂ ਬਾਅਦ, ਜਿਵੇਂ ਇਹ ਉੱਚਿਤ ਸਮਝੇ, ਰਜਿਸਟਰ ਵਿੱਚ ਜ਼ਰੂਰੀ ਤਬਦੀਲੀਆਂ ਕਰੇਗਾ।

(5) ਇਸ ਐਕਟ ਅਧੀਨ ਰਜਿਸਟਰਸ਼ੁਦਾ ਹਰੇਕ ਸੰਸਥਾ ਦੇ ਲੇਖੇ ਹਰ ਸਾਲ ਮਾਰਚ ਦੇ ਇਕੱਤ੍ਰੀਵੇਂ ਦਿਨ ਤੱਕ ਤਿਆਰ ਕੀਤੇ ਜਾਣਗੇ ਅਤੇ ਇਸਦੇ ਲੇਖਿਆਂ ਦਾ ਸਾਲਾਨਾ ਆਡਿਟ ਮੁਕੱਰਰ ਤਰੀਕੇ ਅਨੁਸਾਰ ਕੀਤਾ ਜਾਵੇਗਾ।

ਕਮਿਸ਼ਨ ਦੀਆਂ ਸ਼ਕਤੀਆਂ ਅਤੇ ਕਾਜਕਾਰ।

15. ਕਮਿਸ਼ਨ ਹੇਠ-ਲਿਖੇ ਕਾਜਕਾਰ ਨਿਭਾਏਗਾ, ਅਰਥਾਤ: -

(ੳ) ਤੱਤ ਸਮੇਂ ਨਾਫ਼ਜ਼ ਕਿਸੇ ਵੀ ਕਾਨੂੰਨ ਅਧੀਨ ਗਊ ਨੂੰ ਦਿੱਤੀ ਗਈ ਸੁਰੱਖਿਆ ਨੂੰ ਯਕੀਨੀ ਬਣਾਉਣਾ ਜਿਸ ਵਿੱਚ ਕਿਸੇ ਵੀ ਕਾਨੂੰਨ ਦੀ ਉਲੰਘਣਾ ਕਰਕੇ ਹੱਤਿਆ ਕਰਨ ਲਈ ਲਿਜਾਈ ਜਾ ਰਹੀ ਜਾਂ ਹੱਤਿਆ ਕੀਤੇ ਜਾਣ ਦੀ ਸੰਭਾਵੀ ਗਊ ਨੂੰ ਪਕੜਨਾ ਅਤੇ ਹਿਰਾਸਤ ਵਿੱਚ ਲੈਣਾ ਸ਼ਾਮਲ ਹੈ;

(ਅ) ਖੰਡ (ੳ) ਵਿੱਚ ਹਵਾਲਾ ਦਿੱਤੇ ਕਾਨੂੰਨਾਂ ਦੇ ਉੱਚਿਤ ਅਤੇ ਸਮੇਂ ਸਿਰ ਪਰਿਪਾਲਣ ਨੂੰ ਯਕੀਨੀ ਬਣਾਉਣਾ ਅਤੇ ਗਊਸ਼ਾਲਾ ਵਿਕਾਸ ਯੋਜਨਾਵਾਂ ਅਧੀਨ ਸਰਕਾਰ ਦੇ ਪ੍ਰੋਗਰਾਮਾਂ ਦਾ ਪਰਿਪਾਲਣ ਕਰਨ ਸੰਬੰਧੀ ਉਪਚਾਰਕ ਉਪਾਅ ਤਜਵੀਜ਼ ਕਰਨਾ;

(ੲ) ਗਊ ਦੀਆਂ ਦੇਸੀ ਨਸਲਾਂ ਦੇ ਵਿਕਾਸ ਵਿੱਚ ਸੰਸਥਾਵਾਂ ਦੀ ਸਰਗਰਮ ਭਾਗੀਦਾਰੀ ਨੂੰ ਯਕੀਨੀ ਬਣਾਉਣਾ;

(ਸ) ਗਊ ਦੀ ਸਿਹਤ ਸੰਭਾਲ ਨੂੰ ਉਤਸ਼ਾਹਿਤ ਕਰਨਾ;

(ਹ) ਤੱਤ ਸਮੇਂ ਨਾਫ਼ਜ਼ ਕਿਸੇ ਇਨੈਕਟਮੈਂਟ ਦੀ ਖ਼ਿਲਾਫ਼ਵਰਜ਼ੀ ਕਰਕੇ ਪਕੜੀ ਗਈ ਗਊ ਦੀ ਦੇਖਭਾਲ ਅਤੇ ਪ੍ਰਬੰਧਨ ਨੂੰ ਯਕੀਨੀ ਬਣਾਉਣਾ;

(ਕ) ਕਿਸੇ ਵੀ ਸੰਸਥਾ ਦੁਆਰਾ ਰੱਖੀ ਗਈ ਦੁਰਬਲ ਅਤੇ ਬੁੱਢੀ ਗਊ ਦੇ ਉੱਚਿਤ ਪ੍ਰਬੰਧਨ ਅਤੇ ਦੇਖਭਾਲ ਨੂੰ ਯਕੀਨੀ ਬਣਾਉਣਾ;

(ਖ) ਸੰਸਥਾਵਾਂ ਦੀ ਨਿਗਰਾਨੀ ਅਤੇ ਨਿਰੀਖਣ ਕਰਨਾ;

(ਗ) ਅਜਿਹੇ ਉਪਾਅ ਸੁਝਾਉਣਾ ਜੋ ਆਰਥਿਕ ਤੌਰ 'ਤੇ ਕਮਜ਼ੋਰ ਸੰਸਥਾਵਾਂ ਨੂੰ ਮਜ਼ਬੂਤ ਕਰਨ ਵਿੱਚ ਮਦਦਗਾਰ ਹੋ ਸਕਣ;

(ਘ) ਸੰਸਥਾਵਾਂ ਨੂੰ ਵਿੱਤੀ ਸਹਾਇਤਾ ਦੇਣਾ;

(ਙ) ਅਜਿਹੇ ਹੋਰ ਕਾਜਕਾਰ ਨਿਭਾਉਣਾ ਜਿਵੇਂ ਸਰਕਾਰ ਦੁਆਰਾ ਸੌਂਪੇ ਗਏ ਹੋਣ;

(ਚ) ਅਜਿਹੇ ਗਊ ਭਲਾਈ ਅਧਿਕਾਰੀਆਂ ਦੀ ਨਿਯੁਕਤੀ ਕਰਨਾ ਜੋ ਐਕਟ ਦੇ ਪਰਿਪਾਲਣ ਲਈ ਕੰਮ ਕਰਨਗੇ ਜਿਸ ਵਿੱਚ ਗਊ, ਵਾਹਨਾਂ ਦੀ ਹਿਰਾਸਤ ਅਤੇ

ਤਲਾਸ਼ੀ, ਗਊ ਨੂੰ ਪਕੜਨ ਅਤੇ ਗਊ ਨੂੰ ਹਿਰਾਸਤ ਵਿੱਚ ਲੈਣਾ ਅਤੇ ਪ੍ਰਾਸੀਕਿਊਸ਼ਨ ਸ਼ੁਰੂ ਕਰਨ ਸਮੇਤ ਕਾਰਵਾਈ ਕਰਨਾ ਸ਼ਾਮਲ ਹੈ; ਅਤੇ

(ਛ) ਪ੍ਰਾਸੀਕਿਊਸ਼ਨ ਕਾਰਵਾਈਆਂ ਦਾ ਨਿਪਟਾਰਾ ਹੋਣ ਤੱਕ ਪਕੜੀ ਗਈ ਗਊ ਨੂੰ ਆਪਣੀ ਹਿਰਾਸਤ ਵਿੱਚ ਲੈਣਾ ਅਤੇ ਉਨ੍ਹਾਂ ਨੂੰ ਨਜ਼ਦੀਕੀ ਗਊਸ਼ਾਲਾ, ਗਊਸਦਨ ਜਾਂ ਕਿਸੇ ਵੀ ਗਊ ਰੱਖਿਆ ਸੰਸਥਾ ਜਾਂ ਕਿਸੇ ਵੀ ਇੱਛੁਕ ਵਿਅਕਤੀ ਨੂੰ ਸੌਂਪਣਾ।

16. ਗੈਰ-ਸਰਕਾਰੀ ਮੈਂਬਰ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰਨਗੇ, ਅਜਿਹੇ ਕਰਤੱਵ ਨਿਭਾਉਣਗੇ ਅਤੇ ਅਜਿਹੇ ਕਾਜਕਾਰ ਕਰਨਗੇ, ਜਿਵੇਂ ਮੁਕੱਰਰ ਕੀਤੇ ਜਾਣ। ਗੈਰ-ਸਰਕਾਰੀ ਮੈਂਬਰਾਂ ਦੀਆਂ ਸ਼ਕਤੀਆਂ, ਕਰਤੱਵ ਅਤੇ ਕਾਜਕਾਰ ।

17. ਕਮਿਸ਼ਨ ਦੇ ਫੰਡ ਇਸਨੂੰ ਸਰਕਾਰ ਦੁਆਰਾ ਦਿੱਤੀਆਂ ਗਈਆਂ ਗ੍ਰਾਂਟਾਂ, ਦਾਨ, ਤੋਹਫ਼ੇ ਅਤੇ ਵਸੀਅਤਾਂ ਤੋਂ ਮਿਲਕੇ ਬਣਨਗੇ। ਕਮਿਸ਼ਨ ਦੇ ਫੰਡ ।

18. (1) ਕਮਿਸ਼ਨ ਅਜਿਹੀ ਤਰੀਕ ਨੂੰ, ਜਿਵੇਂ ਮੁਕੱਰਰ ਕੀਤੀ ਜਾਵੇ, ਅਗਲੇ ਵਿੱਤੀ ਸਾਲ ਦਾ ਬਜਟ ਤਿਆਰ ਕਰੇਗਾ ਅਤੇ ਮੁਕੱਰਰ ਤਰੀਕੇ ਨਾਲ ਸਰਕਾਰ ਨੂੰ ਪੇਸ਼ ਕਰੇਗਾ, ਜਿਸ ਵਿੱਚ ਅਨੁਮਾਨਤ ਆਮਦਨ ਅਤੇ ਖਰਚੇ ਦਰਸਾਏ ਜਾਣਗੇ। ਕਮਿਸ਼ਨ ਦਾ ਬਜਟ ।

(2) ਸਰਕਾਰ ਆਪਣੇ ਕੋਲ ਪੇਸ਼ ਕੀਤੇ ਬਜਟ ਨੂੰ ਅਜਿਹੇ ਰੂਪਭੇਦਾਂ ਨਾਲ, ਜੇ ਕੋਈ ਹੋਣ, ਮਨਜ਼ੂਰੀ ਦੇ ਸਕਦੀ ਹੈ, ਜਿਵੇਂ ਉਹ ਉੱਚਿਤ ਸਮਝੇ।

(3) ਜਦੋਂ ਸਰਕਾਰ ਦੁਆਰਾ ਬਜਟ ਮਨਜ਼ੂਰ ਕੀਤਾ ਜਾਂਦਾ ਹੈ, ਤਾਂ ਕਮਿਸ਼ਨ ਫੰਡਾਂ ਵਿੱਚੋਂ ਰਕਮਾਂ ਨੂੰ ਉਸ ਪ੍ਰਯੋਜਨ ਲਈ ਨਮਿੱਤਣ ਕਰਨ ਦੇ ਸ਼ਕਤਵਾਨ ਹੋਵੇਗਾ ਜਿਸ ਲਈ ਬਜਟ ਵਿੱਚ ਉਪਬੰਧ ਕੀਤਾ ਗਿਆ ਹੈ।

19. ਕਮਿਸ਼ਨ ਦੇ ਸਾਰੇ ਫ਼ੰਡ ਇੱਕ ਰਾਸ਼ਟਰੀਕ੍ਰਿਤ ਬੈਂਕ ਵਿੱਚ ਰੱਖੇ ਜਾਣਗੇ ਅਤੇ ਇੱਕ ਕਰਮਚਾਰੀ ਦੁਆਰਾ ਸੰਚਾਲਿਤ ਕੀਤੇ ਜਾਣਗੇ ਜਿਵੇਂ ਕਮਿਸ਼ਨ ਦੁਆਰਾ ਅਧਿਕਾਰਤ ਕੀਤਾ ਜਾਵੇ। ਕਮਿਸ਼ਨ ਦੇ ਬੈਂਕਰ ।

20. ਇਸ ਐਕਟ ਅਧੀਨ ਕਮਿਸ਼ਨ ਨੂੰ ਕਾਜਕਾਰ ਨਿਭਾਉਣ ਦੇ ਯੋਗ ਬਣਾਉਣ ਲਈ, ਕਮਿਸ਼ਨ ਕਿਸੇ ਵੀ ਸੰਸਥਾ ਤੋਂ ਜਾਣਕਾਰੀ ਜਾਂ ਰਿਪੋਰਟ ਮੰਗ ਸਕਦਾ ਹੈ। ਕਮਿਸ਼ਨ ਦੀ ਰਿਕਾਰਡ ਮੰਗਣ ਦੀ ਸ਼ਕਤੀ ।

21. (1) ਕਮਿਸ਼ਨ ਉੱਚਿਤ ਲੇਖੇ ਅਤੇ ਹੋਰ ਸੁਸੰਗਤ ਰਿਕਾਰਡ ਰੱਖੇਗਾ ਅਤੇ ਲੇਖਿਆਂ ਦਾ ਸਾਲਾਨਾ ਵਿਵਰਣ ਅਜਿਹੇ ਰੂਪ ਵਿੱਚ ਤਿਆਰ ਕਰੇਗਾ ਜਿਵੇਂ ਮੁਕੱਰਰ ਕੀਤਾ ਜਾਵੇ। ਲੇਖੇ ਅਤੇ ਆਡਿਟ ।

(2) ਕਮਿਸ਼ਨ ਦੇ ਲੇਖਿਆਂ ਦਾ ਆਡਿਟ ਲੇਖਾਕਾਰ ਜਨਰਲ ਦੁਆਰਾ ਅਜਿਹੇ ਵਕਫ਼ਿਆਂ 'ਤੇ ਕੀਤਾ ਜਾਵੇਗਾ ਜਿਵੇਂ ਉਹ ਮੁਨਾਸਬ ਸਮਝੇ ਅਤੇ ਅਜਿਹੇ ਆਡਿਟ ਦੇ ਸੰਬੰਧ ਵਿੱਚ ਕੋਈ ਖਰਚਾ, ਕਮਿਸ਼ਨ ਦੁਆਰਾ ਲੇਖਾਕਾਰ ਜਨਰਲ ਨੂੰ ਅਦਾਇਗੀਯੋਗ ਹੋਵੇਗਾ।

(3) ਇਸ ਐਕਟ ਅਧੀਨ ਕਮਿਸ਼ਨ ਦੇ ਲੇਖਿਆਂ ਦੇ ਆਡਿਟ ਦੇ ਸੰਬੰਧ ਵਿੱਚ ਲੇਖਾਕਾਰ ਜਨਰਲ ਜਾਂ ਉਸ ਦੁਆਰਾ ਨਿਯੁਕਤ ਕੀਤੇ ਗਏ ਕਿਸੇ ਵੀ ਵਿਅਕਤੀ ਨੂੰ ਅਜਿਹੇ ਆਡਿਟ ਦੇ ਸੰਬੰਧ ਵਿੱਚ ਉਹੀ ਅਧਿਕਾਰ ਅਤੇ ਵਿਸ਼ੇਸ਼ ਅਧਿਕਾਰ ਅਤੇ ਅਖ਼ਤਿਆਰ ਹੋਣਗੇ ਜੋ

ਆਮ ਤੌਰ 'ਤੇ ਸਰਕਾਰੀ ਲੇਖੇ ਦੇ ਆਡਿਟ ਦੇ ਸੰਬੰਧ ਵਿੱਚ ਲੇਖਾਕਾਰ ਜਨਰਲ ਕੋਲ ਹੁੰਦੇ ਹਨ ਅਤੇ ਖਾਸ ਤੌਰ 'ਤੇ ਕਿਤਾਬਾਂ, ਲੇਖਿਆਂ, ਮੁਤੱਲਕਾਂ ਵਾਊਚਰ ਅਤੇ ਹੋਰ ਦਸਤਾਵੇਜ਼ਾਂ ਅਤੇ ਕਾਗਜ਼ਾਤਾਂ ਦੀ ਪੇਸ਼ਕਾਰੀ ਦੀ ਮੰਗ ਕਰਨ ਅਤੇ ਕਮਿਸ਼ਨ ਦੇ ਕਿਸੇ ਵੀ ਦਫਤਰ ਦਾ ਨਿਰੀਖਣ ਕਰਨ ਦਾ ਅਧਿਕਾਰ ਹੋਵੇਗਾ।

ਸਾਲਾਨਾ ਰਿਪੋਰਟ।

22. ਹਰੇਕ ਵਿੱਤੀ ਸਾਲ ਲਈ, ਕਮਿਸ਼ਨ ਪੂਰਵਲੇ ਵਿੱਤੀ ਸਾਲ ਦੌਰਾਨ ਆਪਣੀਆਂ ਸਰਗਰਮੀਆਂ ਦਾ ਪੂਰਾ ਵਰਣਨ ਦਿੰਦੇ ਹੋਏ, ਅਜਿਹੇ ਰੂਪ ਵਿੱਚ ਜੋ ਮੁਕੱਰਰ ਕੀਤਾ ਜਾਵੇ, ਆਪਣੀ ਇੱਕ ਸਾਲਾਨਾ ਰਿਪੋਰਟ ਤਿਆਰ ਕਰੇਗਾ ਅਤੇ ਉਸਦੀ ਇੱਕ ਨਕਲ ਸਰਕਾਰ ਨੂੰ ਭੇਜੇਗਾ।

ਕਮਿਸ਼ਨ ਦੀਆਂ ਰਿਪੋਰਟਾਂ 'ਤੇ ਕਾਰਵਾਈ ।

23. ਧਾਰਾ 22 ਅਧੀਨ ਕੀਤੀ ਗਈ ਰਿਪੋਰਟ ਪ੍ਰਾਪਤ ਹੋਣ 'ਤੇ, ਸਰਕਾਰ ਉਸ 'ਤੇ ਅਜਿਹੀ ਕਾਰਵਾਈ ਕਰ ਸਕਦੀ ਹੈ, ਜਿਵੇਂ ਉਹ ਮੁਨਾਸਬ ਸਮਝੇ।

ਸਰਕਾਰ ਦੀ ਰਿਪੋਰਟਾਂ, ਵਿਵਰਣੀ ਆਦਿ ਮੰਗਣ ਦੀ ਸ਼ਕਤੀ ।

24. ਸਰਕਾਰ, ਸਮੇਂ-ਸਮੇਂ 'ਤੇ ਕਮਿਸ਼ਨ ਤੋਂ ਅਜਿਹੀਆਂ ਰਿਪੋਰਟਾਂ, ਵਿਵਰਣੀ ਅਤੇ ਬਿਆਨ ਮੰਗ ਸਕਦੀ ਹੈ, ਜਿਵੇਂ ਇਹ ਜ਼ਰੂਰੀ ਸਮਝੇ।

ਸਰਕਾਰ ਦੇ ਨਿਰਦੇਸ਼ ।

25. (1) ਇਸ ਐਕਟ ਅਧੀਨ ਆਪਣੇ ਕਾਜਕਾਰਾਂ ਨੂੰ ਨਿਭਾਉਣ ਵਿੱਚ, ਕਮਿਸ਼ਨ ਨੂੰ ਨੀਤੀ ਦੇ ਸਵਾਲ 'ਤੇ ਸਰਕਾਰ ਦੁਆਰਾ ਦਿੱਤੇ ਗਏ ਨਿਰਦੇਸ਼ਾਂ ਦੁਆਰਾ ਸੇਧ ਦਿੱਤੀ ਜਾਵੇਗੀ।

(2) ਜੇ ਸਰਕਾਰ ਅਤੇ ਕਮਿਸ਼ਨ ਵਿਚਕਾਰ ਕੋਈ ਝਗੜਾ ਪੈਦਾ ਹੁੰਦਾ ਹੈ ਕਿ ਕੀ ਕੋਈ ਸਵਾਲ ਨੀਤੀ ਦਾ ਸਵਾਲ ਹੈ ਜਾਂ ਨਹੀਂ, ਤਾਂ ਸਰਕਾਰ ਦਾ ਫੈਸਲਾ ਅੰਤਿਮ ਹੋਵੇਗਾ।

ਕਮਿਸ਼ਨ ਦੇ ਮੈਂਬਰਾਂ ਦਾ ਲੋਕ-ਸੇਵਕ ਹੋਣਾ ।

26. ਕਮਿਸ਼ਨ ਦੇ ਸਾਰੇ ਮੈਂਬਰ ਅਤੇ ਅਧਿਕਾਰੀ, ਇਸ ਐਕਟ ਦੇ ਕਿਸੇ ਵੀ ਉਪਬੰਧ ਦੀ ਪਾਲਣਾ ਵਿੱਚ ਕਾਰਜ ਕਰਦੇ ਸਮੇਂ ਜਾਂ ਕਾਰਜ ਕਰ ਰਿਹਾ ਤਾਤਪਰਜਿਤ ਹੈ, ਭਾਰਤੀ ਦੰਡ ਸੰਘਤਾ, 1860 (1860 ਦਾ ਕੇਂਦਰੀ ਐਕਟ ਨੰ. 45) ਦੀ ਧਾਰਾ 21 ਦੇ ਅਰਥਾਂ ਵਿੱਚ ਲੋਕ ਸੇਵਕ ਸਮਝੇ ਜਾਣਗੇ।

ਕਮਿਸ਼ਨ ਦੇ ਮੈਂਬਰਾਂ ਦਾ ਲੋਕ-ਸੇਵਕ ਹੋਣਾ ।

27. ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਕਿਸੇ ਨਿਯਮ ਜਾਂ ਹੁਕਮ ਅਧੀਨ ਨੇਕਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਲਈ ਕਮਿਸ਼ਨ ਦੇ ਕਿਸੇ ਮੈਂਬਰ, ਕਿਸੇ ਅਧਿਕਾਰੀ ਜਾਂ ਹੋਰ ਕਰਮਚਾਰੀ ਜਾਂ ਸਰਕਾਰ ਜਾਂ ਕਮਿਸ਼ਨ ਦੇ ਨਿਦੇਸ਼ਾਂ ਅਧੀਨ ਕੰਮ ਕਰਨ ਵਾਲੇ ਕਿਸੇ ਵੀ ਵਿਅਕਤੀ ਵਿਰੁੱਧ ਕੋਈ ਦਾਵਾ, ਮੁਕੱਦਮਾ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋ ਸਕੇਗੀ।

ਨਿਯਮ ਬਣਾਉਣ ਦੀ ਸ਼ਕਤੀ ।

28. (1) ਸਰਕਾਰ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ ਨਿਯਮ ਬਣਾ ਸਕੇਗੀ।

(2) ਖਾਸ ਤੌਰ 'ਤੇ, ਅਤੇ ਪੂਰਵਗਾਮੀ ਸ਼ਕਤੀ ਦੀ ਵਿਆਪਕਤਾ 'ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ ਅਜਿਹੇ ਨਿਯਮ ਹੇਠ-ਲਿਖੇ ਸਾਰੇ ਜਾਂ ਕਿਸੇ ਵੀ ਮਾਮਲੇ ਲਈ ਉਪਬੰਧ ਕਰ ਸਕਣਗੇ, ਅਰਥਾਤ: -

(ੳ) ਕਮਿਸ਼ਨ ਦੇ ਅਧਿਕਾਰੀਆਂ ਜਾਂ ਕਰਮਚਾਰੀਆਂ ਦੀਆਂ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ;

(ਅ) ਭੱਤੇ ਜੋ ਕਮਿਸ਼ਨ ਦੇ ਮੈਂਬਰਾਂ ਨੂੰ ਅਦਾ ਕੀਤੇ ਜਾ ਸਕਣਗੇ;

(ੲ) ਉਹ ਤਰੀਕਾ ਜਿਸ ਵਿੱਚ ਸੰਸਥਾਵਾਂ ਨੂੰ ਰਜਿਸਟਰਸ਼ੁਦਾ ਕੀਤਾ ਜਾਵੇਗਾ;

(ਸ) ਉਹ ਤਰੀਕਾ ਜਿਸ ਵਿੱਚ ਅਤੇ ਅਥਾਰਟੀ ਜਿਹੜੀ ਕਮਿਸ਼ਨ ਦੇ ਫੰਡਾਂ ਨੂੰ ਸੰਚਾਲਤ ਕਰੇਗੀ;

(ਹ) ਉਹ ਤਰੀਕਾ ਜਿਸ ਵਿੱਚ ਕਮਿਸ਼ਨ ਦੁਆਰਾ ਸ਼ਿਕਾਇਤਾਂ 'ਤੇ ਸੁਣਵਾਈ ਕੀਤੀ ਜਾਵੇਗੀ ਅਤੇ ਜਾਂਚ ਦੀ ਵਿਧੀ;

(ਕ) ਉਹ ਰੂਪ ਅਤੇ ਉਹ ਤਰੀਕਾ ਜਿਸ ਵਿੱਚ ਅਤੇ ਸਮਾਂ ਜਿਸ ਅੰਦਰ ਕਮਿਸ਼ਨ ਦੁਆਰਾ ਰਿਪੋਰਟ ਜਮ੍ਹਾਂ ਕਰਵਾਈ ਜਾਣੀ ਹੈ; ਅਤੇ

(ਖ) ਕੋਈ ਹੋਰ ਮਾਮਲਾ ਜੋ ਇਸ ਧਾਰਾ ਅਧੀਨ ਵਿਸ਼ੇਸ਼ ਤੌਰ 'ਤੇ ਨਹੀਂ ਆਉਂਦਾ ਹੈ।

(3) ਇਸ ਧਾਰਾ ਅਧੀਨ ਬਣਾਇਆ ਗਿਆ ਹਰੇਕ ਨਿਯਮ, ਇਸਦੇ ਬਣਾਏ ਜਾਣ ਪਿੱਛੋਂ ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ ਜਦ ਉਹ ਕੁੱਲ ਦਸ ਦਿਨਾਂ ਦੀ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ, ਜੋ ਇੱਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ ਅਤੇ ਜੇ ਇਸ ਇਜਲਾਸ ਦੇ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਉਸ ਜਾਂ ਉਪਰੋਕਤ ਕ੍ਰਮਵਰਤੀ ਇਜਲਾਸਾਂ ਦੇ ਗੁਜਰਨ ਤੋਂ ਪਹਿਲਾਂ, ਸਦਨ ਉਸ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ ਅਜਿਹਾ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ ਹੈ, ਤਾਂ ਉਹ ਨਿਯਮ ਇਸਤੋਂ ਪਿੱਛੋਂ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ ਜਾਂ, ਜਿਹੀ ਕਿ ਸੂਰਤ ਹੋਵੇ, ਪ੍ਰਭਾਵੀ ਨਹੀਂ ਹੋਵੇਗਾ। ਐਪਰ ਅਜਿਹੇ ਕਿਸੇ ਰੂਪਭੇਦ ਜਾਂ ਰੱਦਕਰਨ ਦਾ ਉਸ ਨਿਯਮ ਦੇ ਅਧੀਨ ਪਹਿਲਾਂ ਕੀਤੀ ਜਾਂ ਲੋਪ ਕੀਤੀ ਜਾਣੀ ਕਿਸੇ ਗੱਲ ਦੀ ਜਾਇਜ਼ਤਾ 'ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

**ਦੇਵਿੰਦਰ ਕੁਮਾਰ ਗੁਪਤਾ,**
ਕਾਨੂੰਨੀ ਮਸ਼ੀਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3516/9-2025/Pb. Govt. Press, S.A.S. Nagar*